NZ ਤਸਵੀਰ NEWS
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੁਵਿੰਗ
CONTACT RAJ : 021874730, 021874702, 0800 253 2687
www.redcleaning.co.nz

1 July 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ 'ਚ ਬੈਨ ਹੋਏ ਪਲਾਸਟਿਕ ਲਿਫਾਫੇ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) :ਪਲਾਸਟਿਕ ਦਾ ਸਾਡੀ ਜਿੰਦਗੀ ਵਿੱਚ ਹੌਲੀ -ਹੌਲੀ ਇੰਨਾ ਅਸਰ ਪੈ ਗਿਆ ਕਿ ਅਸੀਂ ਚਾਹ ਕੇ ਵੀ ਇਸ ਤੋਂ ਪਿੱਛਾ ਨਹੀਂ ਛੁਡਾ ਸਕੇ। ਪਲਾਸਟਿਕ ਕਈਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ। ਇਸੇ ਤਰਾਂ ਪਲਾਸਟਿਕ ਤੋਂ ਬਣੇ ਲਿਫਾਫੇ ਜਿੱਥੇ ਸਾਡੇ ਖਾਣ-ਪੀਣ ਦੇ ਸਮਾਨ ਵਿੱਚ ਕਈਂ ਤਰਾਂ ਦੇ ਜਹਿਰੀਲੇ ਤੱਤਾਂ ਨੂੰ ਮਿਲਾ ਰਹੇ ਹਨ ਉੱਥੇ ਸਾਡੇ ਵਾਤਾਵਰਨ ਨੂੰ ਵੀ ਗੰਧਲਾ ਕਰ ਰਹੇ ਹਨ। ਬਹੁਤ ਸਾਰੇ ਦੇਸ਼ ਇਸ ਦੀ ਰੋਕਥਾਮ ਲਈ ਅੱਗੇ ਆ ਰਹੇ ਹਨ। ਨਿਊਜੀਲੈਂਡ ਸਰਕਾਰ ਨੇ ਵੀ ਪਹਿਲ ਕਦਮੀ ਕਰਦੇ ਹੋਏ ਪਲਾਸਟਿਕ ਲਿਫਾਫਿਆਂ ਨੂੰ ਬੈਨ ਕਰਨ ਦਾ ਕਾਨੂੰਨ ਬਣਾਇਆ ਹੈ। ਨਵੇਂ ਕਾਨੂੰਨ ਦੇ ਤਹਿਤ ਤਹਿਤ ਸੋਮਵਾਰ ਤੋਂ 70 ਮਾਈਕ੍ਰੋਨ ਤੋਂ ਘੱਟ ਵਾਲੇ ਲਿਫਾਫੇ ਬਿਲਕੁਲ ਬੰਦ ਹੋ ਜਾਣਗੇ। ਅਤੇ ਨਿਊਜੀਲੈਂਡ ਸਰਕਾਰ ਨੇ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ 100,000 ਡਾਲਰ ਦੇ ਜੁਰਮਾਨੇ ਦਾ ਐਲਾਨ ਵੀ ਕੀਤਾ ਗਿਆ ਹੈ। ਬੇਸ਼ੱਕ ਇਹ ਇੱਕ ਕਰੜਾ ਕਾਨੂੰਨ ਕਿਹਾ ਜਾ ਸਕਦਾ ਹੈ ਪਰ ਇਸ ਤਰਾਂ ਦੀ ਪਹਿਲ ਕਦਮੀ ਸਾਰੇ ਦੇਸ਼ਾਂ ਨੂੰ ਕਰਨੀਆਂ ਹੀ ਪੈਣਗੀਆਂ।

## ਰੋਸ ਮੁਜ਼ਾਹਰੇ ਵਜੋਂ ਆਕਲੈਂਡ ਦੀਆਂ ਸੜਕਾਂ 'ਤੇ ਬਣਾਏਇਤਰਾਜ਼ਯੋਗ ਚਿੰਨ੍ਹ



ਆਕਲੈਂਡ : ਵਾਈਡਿੰਗ ਬੀਚ ਸੜਕ ਦੀ ਹਾਲਾਤ ਤੋਂ ਪ੍ਰੇਸ਼ਾਨ ਹੋ ਕੇ ਇਥੋਂ ਦੇ ਇਕ ਵਾਸੀ ਨੇ ਸਥਾਨਕ ਅਥਾਰਿਟੀ ਦਾ ਧਿਆਨ ਖਿਚਣ ਲਈ ਸੜਕ 'ਤੇ ਇਤਰਾਜ਼ਯੋਗ ਚਿੰਨ ਉਕੇਰ ਦਿੱਤੇ। ਆਕਲੈਂਡ ਦੇ ਪੱਛਮੀ ਤੱਟ ਦੇ ਪਾਈਹਾ ਰੋਡ 'ਤੇ ਘੱਟੋ ਘੱਟ 10 ਅਜਿਹੇ ਚਿੰਨ ਉਕੇਰੇ ਗਏ ਹਨ ਜਿਥੇ ਸੜਕ ਦੀ ਹਾਲਤ ਮਾੜੀ ਹੈ। ਸਮੁੰਦਰੀ ਕੰਢੇ ਦੇ ਕਮਿਊਨਿਟੀ ਦੇ ਵਸਨੀਕਾਂ ਵੱਲੋਂ ਇਹ ਦ੍ਰਿਸ਼ਾਂ ਮਨੋਰੰਜਨ ਦੇ ਨਾਲ ਨਾਲ ਰੋਸ ਪ੍ਰਦਰਸ਼ਨ ਲਈ ਵਰਤੇ ਗਏ ਹਨ। ਇਥੋਂ ਦੇ ਇੱਕ ਸਥਾਨਕ ਵਾਸੀ ਬੌਬੀ ਕੈਰੋਲ ਦਾ ਕਹਿਣਾ ਹੈ ਕਿ ਹਾਲੇ ਤੱਕ ਇਹ ਨਹੀਂ ਪਤਾ ਚਲਿਆ ਹੈ ਕਿ ਇਹ ਚਿੰਨ ਕਿਸ ਨੇ ਬਣਾਏ ਹਨ। ਆਕਲੈਂਡ ਟਰਾਂਸਪੋਰਟ ਅਥਾਰਿਟੀ ਦਾ ਕਹਿਣਾ ਹੈ ਕਿ ਇਹ ਸਪਸ਼ਟ ਰੂਪ ਨਾਲ ਉਸ ਵਿਅਕਤੀ ਦਾ ਕੰਮ ਹੈ, ਜਿਸ ਕੋਲ ਅਜਿ ਕੰਮ ਲਈ ਬਹੁਤ ਵਿਹਲਾ ਸਮਾਂ ਹੈ। ਸਥਾਨਕ ਸੰਸਦ ਮੈਂਬਰ ਕ੍ਰਿਸ ਪੈਨ ਨੇ ਕਿਹ ਕਿ ਇਹ ਗ੍ਰਾਫਿਕ ਵਿਰੋਧ ਵੈਸਟ ਆਕਲੈਂਡ ਦੀਆਂ ਸੜਕਾਂ ਨੂੰ ਠੀਕ ਕਰਨ ਦੀ ਦੇਰੀ ਲਈ ਵਰਤੇ ਗਏਹ ਨ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਇਹ ਸ਼ਾਨਦਾਰ ਹੈ, ਸਾਡੀਆ ਸੜਕਾਂ ਖ਼ਰਾਬ ਹੋ ਰਹੀਆਂ ਹਨ, ਇਨ੍ਹਾਂ ਨੂੰ ਜਲਦ ਠੀਕ ਕਰਨਾ ਚਾਹੀਦਾ ਹੈ।

## ਟ੍ਰੈਂਟ ਬੋਲਟ ਨੇ ਰਚਿਆ ਇਤਿਹਾਸ, ਵਰਲਡ ਕੱਪ ਚ ਹੈਟ੍ਰਿਕ ਲੈਣ ਵਾਲੇ ਨਿਊਜ਼ੀਲੈਂਡ ਦੇ ਬਣੇ ਪਹਿਲੇ ਗੇਂਦਬਾਜ਼



ਆਈ. ਸੀ. ਸੀ. ਵਰਲਡ ਕੱਪ-2019 'ਚ ਆਸਟਰੇਲੀਆ ਦੇ ਖਿਲਾਫ ਆਖਰੀ ਓਵਰ 'ਚ ਟ੍ਰੈਂਟ ਬੋਲਟ ਨੇ ਹੈਟ੍ਰਿਕ ਲੈ ਕੇ ਇਤਿਹਾਸ ਰਚ ਦਿੱਤਾ। ਟਰੇਂਟ ਬੋਲਟ ਸ਼ਨੀਵਾਰ ਨੂੰ ਵਰਲਡ ਕੱਪ 'ਚ ਹੈਟ੍ਰਿਕ ਲੈਣ ਵਾਲੇ ਨਿਊਜ਼ੀਲੈਂਡ ਦੇ ਪਹਿਲੇ ਗੇਂਦਬਾਜ਼ ਬਣ ਗਏ ਹਨ। ਉਨ੍ਹਾਂ ਨੇ ਇਹ ਉਪਲੱਬਧੀ ਆਈ. ਸੀ. ਸੀ ਵਰਲਡ ਕੱਪ-2019 'ਚ ਲਾਰਡਸ ਦੇ ਇਤਿਹਾਸਿਕ ਮੈਦਾਨ 'ਤੇ ਆਸਟਰੇਲੀਆ ਦੇ ਖਿਲਾਫ ਮੈਚ 'ਚ ਹਾਸਲ ਕੀਤੀ। ਨਾਲ ਹੀ ਉਹ ਵਿਸ਼ਵ ਕੱਪ 'ਚ ਹੈਟ੍ਰਿਕ ਲਗਾਉਣ ਵਾਲੇ 10ਵੇਂ ਗੇਂਦਬਾਜ ਬਣ ਗਏ ਹਨ। ਵਰਲਡ ਕੱਪ 'ਚ ਅਜੇ ਤੱਕ ਕੁੱਲ 11 ਹੈਟ੍ਰਿਕਜ਼ ਲੱਗੀਆਂ ਹਨ, ਜਿਨ੍ਹਾਂ 'ਚੋਂ ਦੋ ਹੈਟ੍ਰਿਕ ਸ਼੍ਰੀਲੰਕਾ ਦੇ ਲਸਿਥ ਮਲਿੰਗਾ ਨੇ ਲਗਾਈਆਂ ਹਨ। ਬੋਲਟ ਦੀ ਇਹ ਹੈਟ੍ਰਿਕ ਇਸ ਵਰਲਡ ਕੱਪ 'ਚ ਦੂਜੀ ਹੈਟ੍ਰਿਕ ਹੈ। ਉਨ੍ਹਾਂ ਤੋਂ ਪਹਿਲਾਂ ਭਾਰਤ ਦੇ ਮੁਹੰਮਦ ਸ਼ਮੀ 22 ਜੂਨ ਨੂੰ ਸਾਊਥਪੰਟਨ 'ਚ ਅਫਗਾਨਿਸਤਾਨ ਦੇ ਖਿਲਾਫ ਹੈਟ੍ਰਿਕ ਲੱਗਾ ਚੁੱਕੇ ਹਨ। ਬੋਲਟ ਨੇ ਆਖਰੀ ਓਵਰ ਦੀ ਤੀਜੀ ਗੇਂਦ 'ਤੇ ਪਹਿਲਾਂ ਸੈੱਟ ਬੱਲੇਬਾਜ਼ ਉਸਮਾਨ ਖਵਾਜਾ (88) ਨੂੰ ਆਊਟ ਕੀਤਾ ਤੇ ਫਿਰ ਲਗਾਤਾਰ ਅਗਲੀਆਂ ਦੋ ਗੇਂਦਾਂ 'ਤੇ ਮਿਸ਼ੇਲ ਸਟਾਰਕ ਤੇ ਜੇਸਨ ਬੇਹਰਨਡਾਰਫ ਨੂੰ ਆਊਟ ਕਰ ਆਪਣੀ ਹੈਟ੍ਰਿਕ ਪੂਰੀ ਕੀਤੀ। ਇਹ ਬੋਲਟ ਦੇ ਵਨ-ਡੇ ਕਰਿਅਰ ਦੀ ਦੂਜੀ ਹੈਟ੍ਰਿਕ ਵੀ ਹੈ। ਉਹ ਪਾਕਿਸਤਾਨ ਦੇ ਖਿਲਾਫ ਸੱਤ ਨਵੰਬਰ 2018 ਨੂੰ ਵਨ-ਡੇ 'ਚ ਆਪਣੀ ਪਹਿਲੀ ਹੈਟ੍ਰਿਕ ਲਗਾ ਚੁੱਕੇ ਹਨ। ਤੱਦ ਉਨ੍ਹਾਂ ਦੇ ਸ਼ਿਕਾਰ ਫਖਰ ਜਮਨ, ਬਾਬਰ ਆਜ਼ਮ ਤੇ ਮੁਹੰਮਦ ਹਫੀਜ਼ ਹੋਏ ਸਨ।

## ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲੀਅਮਸਨ ਨੇ ਟੀਮ ਨੂੰ ਦਿੱਤੀ ਇਹ ਸਲਾਹ



ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲੀਅਮਸਨ ਨੇ ਆਈ.ਸੀ.ਸੀ. ਵਰਲਡ ਕੱਪ 'ਚ ਆਸਟਰੇਲੀਆ ਤੋਂ ਮਿਲੀ ਕਰਾਰੀ ਹਾਰ ਤੋਂ ਬਾਅਦ ਟੀਮ ਨੂੰ ਸਹੀ ਮਾਨਸਿਕਤਾ ਦੇ ਨਾਲ ਖੇਡਣ ਦੀ ਸਲਾਹ ਦਿੱਤੀ ਜਿਸ ਨਾਲ ਉਹ ਖੁੱਲ੍ਹ ਕੇ ਖੇਡ ਸਕਣ। ਖਿਤਾਬ ਦੇ ਦਾਅਵੇਦਾਰਾਂ 'ਚੋਂ ਇਕ ਮੰਨੇ ਜਾ ਰਹੇ ਨਿਊਜ਼ੀਲੈਂਡ ਨੂੰ ਆਸਟਰੇਲੀਆ ਨੇ ਸ਼ਨੀਵਾਰ ਨੂੰ ਇੱਥੇ 86 ਦੌੜਾਂ ਨਾਲ ਹਰਾਇਆ ਜੋ ਇਸ ਟੂਰਨਾਮੈਂਟ 'ਚ ਟੀਮ ਦੀ ਦੂਜੀ ਹਾਰ ਹੈ। ਨਿਊਜ਼ੀਲੈਂਡ ਨੇ 92 ਦੌੜਾਂ ਤੱਕ ਆਸਟਰੇਲੀਆ ਦੇ ਚੋਟੀ ਦੇ ਪੰਜ ਬੱਲੇਬਾਜ਼ਾਂ ਨੂੰ ਪਵੇਲੀਅਨ ਭੇਜ ਕੇ ਆਪਣੀ ਸਥਿਤੀ ਮਜ਼ਬੂਤ ਕਰ ਲਈ ਸੀ। ਇਸ ਤੋਂ ਬਾਅਦ ਖਵਾਜਾ (129 ਗੇਂਦਾਂ 'ਤੇ 88 ਦੌੜਾਂ) ਅਤੇ ਮੈਨ ਆਫ ਦਿ ਮੈਚ ਕੈਰੀ (72 ਗੇਂਦਾਂ 'ਤੇ 71 ਦੌੜਾਂ) ਨੇ ਛੇਵੇਂ ਵਿਕਟ ਲਈ 107 ਦੌੜਾਂ ਜੋੜੀਆਂ ਜਿਸ ਨਾਲ ਆਸਟਰੇਲੀਆਈ ਟੀਮ 9 ਵਿਕਟਾਂ 'ਤੇ 243 ਦੌੜਾਂ ਦੇ ਸਕੋਰ ਤਕ ਪਹੁੰਚ ਸਕੀ। ਨਿਊਜ਼ੀਲੈਂਡ ਲਈ ਇਹ ਟੀਚਾ ਕਾਫੀ ਮੁਸ਼ਕਲ ਸਾਬਤ ਹੋਇਆ ਜਿਸ ਦੀ ਪੂਰੀ ਟੀਮ 157 ਦੌੜਾਂ 'ਤੇ ਪਵੇਲੀਅਨ ਪਰਤ ਗਈ। ਵਿਲੀਅਮਸਨ ਨੇ ਕਿਹਾ, "ਇਕ ਵਾਰ ਫਿਰ ਇਹ ਅਗਲੇ ਮੁਕਾਬਲੇ 'ਤੇ ਧਿਆਨ ਦੇਣ ਜਿਹਾ ਹੈ।" ਉਨ੍ਹਾਂ ਕਿਹਾ, "ਇਕ ਟੀਮ ਦੇ ਤੌਰ 'ਤੇ ਸਾਨੂੰ ਅਸਲ 'ਚ ਹਾਂ-ਪੱਖੀ ਹੋਣਾ ਚਾਹੀਦਾ ਹੈ ਅਤੇ ਉਸ ਆਜ਼ਾਦੀ ਦੇ ਨਾਲ ਖੇਡਣਾ ਚਾਹੀਦਾ ਹੈ, ਕਿਉਂਕਿ ਜਦੋਂ ਅਸੀਂ ਅਜਿਹਾ ਕਰਦੇ ਹਾਂ, ਉਦੋਂ ਅਸੀਂ ਆਪਣਾ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਦੇ ਹਾਂ। ਸਾਨੂੰ ਇਸ ਤਰ੍ਹਾਂ ਦੀ ਮਾਨਸਿਕਤਾ ਦੀ ਜ਼ਰੂਰਤ ਹੈ।"

## ਅਮਰੀਕਾ 'ਚ ਦਾਖ਼ਲ ਹੋਣ ਦੇ ਚੱਕਰ 'ਚ 170 ਨੇ ਗਵਾਈ ਜਾਣ



ਵਾਸ਼ਿਗਟਨ: ਬਿਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਮੈਕਸੀਕੋ ਤੋਂ ਅਮਰੀਕਾ ਜਾ ਰਹੇ ਸੈਂਕੜੇ ਸ਼ਰਨਾਰਥੀ ਆਪਣੀ ਜਾਨ ਗੁਆ ਰਹੇ ਹਨ। ਇਸ ਸਾਲ 27 ਜੂਨ ਤਕ 1,224 ਸ਼ਰਨਾਰਥੀਆਂ ਦੀ ਮੌਤ ਹੋਣ ਦੀ ਖ਼ਬਰ ਹੈ। ਇਨ੍ਹਾਂ ਵਿੱਚੋਂ 170 ਲੋਕ ਅਮਰੀਕੀ-ਮੈਕਸੀਕੋ ਸਰਹੱਦ 'ਤੇ ਮਾਰੇ ਗਏ ਹਨ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਆਫ ਮਾਈਗ੍ਰੇਸ਼ਨ ਮੁਤਾਬਕ ਜਨਵਰੀ 2015 ਤੋਂ ਲੈ ਕੇ 27 ਜੂਨ 2019 ਤਕ 32,182 ਪ੍ਰਵਾਸੀਆਂ ਦੀ ਮੌਤ ਹੋਈ ਹੈ। ਇਸ ਦੌਰਾਨ ਅਮਰੀਕਾ ਮੈਕਸੀਕੋ ਸਰਹੱਦ 'ਤੇ 2,075 ਲੋਕ ਮਾਰੇ ਗਏ। ਮੱਧ ਅਮਰੀਕਾ ਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਅਮਰੀਕਾ ਵਿੱਚ ਸ਼ਰਣ ਮੰਗਦੇ ਹਨ ਪਰ ਹੁਣ ਏਸ਼ਿਆਈ ਤੇ ਖ਼ਾਸ ਕਰ ਕੇ ਪੰਜਾਬੀਆਂ ਦਾ ਰੁਝਾਨ ਵੀ ਇਸ ਗੈਰ ਕਾਨੂੰਨੀ ਪ੍ਰਵਾਸ ਵੱਲ ਵਧ ਰਿਹਾ ਹੈ। ਅਮਰੀਕਾ ਦੇ ਸਰਕਾਰੀ ਅੰਕੜਿਆਂ ਮੁਤਾਬਕ ਸਾਲ 2017 ਵਿੱਚ 55,584 ਲੋਕਾਂ ਨੇ ਸ਼ਰਨ ਮੰਗੀ ਸੀ ਜਦਕਿ ਅਗਲੇ ਸਾਲ 92,959 ਸ਼ਰਨਾਰਥੀਆਂ ਨੇ ਅਮਰੀਕਾ ਵਿੱਚ ਸ਼ਰਨ ਲਈ ਬਿਨੈ ਕੀਤਾ ਸੀ। ਮਾਈਗ੍ਰੇਸ਼ਨ ਡੇਟਾ ਐਨਾਲੇਸਿਸ ਸੈਂਟਰ, ਆਈਓਐਮ ਮੁਤਾਬਕ ਸਭ ਤੋਂ ਵੱਧ ਮੌਤਾਂ ਭੂਮੱਧ ਸਾਗਰ ਵਿੱਚ ਹੋਈਆਂ ਹਨ। ਇੱਥੇ 18,515 ਸ਼ਰਨਾਰਥੀ ਸਫਰ ਦੌਰਾਨ ਮਾਰੇ ਗਏ। ਪਿਛਲੇ ਦਿਨੀਂ ਰਿਓ ਗਾਂਡ ਨਦੀ ਪਾਰ ਕਰਦੇ ਹੋਏ ਸਾਲਵੇਡੋਰੀਅਨ ਨਾਗਰਿਕ ਆਸਕਰ ਤੇ ਉਸ ਦੀ 23 ਮਹੀਨਿਆਂ ਦੀ ਧੀ ਵਲੇਰੀਆ ਦੀਆਂ ਲਾਸ਼ਾਂ ਦੀ ਤਸਵੀਰ ਵਾਇਰਲ ਹੋਈਆਂ ਸਨ। ਇਸ ਤੋਂ ਪਹਿਲਾਂ ਪੰਜਾਬੀ ਕੁੜੀ ਗੁਰਪ੍ਰੀਤ ਕੌਰ ਦੀ ਮੌਤ ਹੋਣ ਦੀ ਖ਼ਬਰ ਸੀ, ਜੋ ਆਪਣੀ ਮਾਂ ਨਾਲ ਆਪਣੇ ਅਮਰੀਕਾ ਰਹਿੰਦੇ ਪਿਤਾ ਕੋਲ ਪਹੁੰਚਣ ਦੀ ਕੋਸ਼ਿਸ਼ ਵਿੱਚ ਸੀ।

## ਅਮਰੀਕੀ ਰਾਸ਼ਟਰਪਤੀ ਦੀ ਦੌੜ 'ਚ ਸ਼ਾਮਲ ਕਮਲਾ ਹੈਰਿਸ ਦੁਆਲੇ ਹੋਏ ਸਿੱਖ




ਵਾਸ਼ਿਗਟਨ: ਸੁਰੱਖਿਆ ਜਵਾਨਾਂ ਨੂੰ ਲੰਮੀ ਦਾੜ੍ਹੀ ਰੱਖਣ ਤੋਂ ਰੋਕਣ ਵਾਲੀ ਨੀਤੀ ਦਾ ਸਮਰਥਨ ਕਰਨ 'ਤੇ ਸਿੱਖ ਕਾਰਕੁਨਾਂ ਨੇ ਭਾਰਤੀ ਮੂਲ ਦੀ ਅਮਰੀਕੀ ਸਿਆਸਤਦਾਨ ਕਮਲਾ ਹੈਰਿਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਡੈਮੋਕ੍ਰੈਟਿਕ ਪਾਰਟੀ ਦੀ ਰਾਸ਼ਟਰਪਤੀ ਦੀ ਉਮੀਦਵਾਰ ਕਮਲਾ ਹੈਰਿਸ ਤੋਂ ਮੁਆਫੀ ਮੰਗਵਾਉਣ ਲਈ ਸਿੱਖਾਂ ਨੇ ਆਨਲਾਈਨ ਪਟੀਸ਼ਨ ਦੀ ਸ਼ੁਰੂਆਤ ਵੀ ਕਰ ਦਿੱਤੀ ਹੈ।

ਦਰਅਸਲ, ਸਾਲ 2011 ਵਿੱਚ ਅਮਰੀਕਾ ਨੇ ਜੇਲ੍ਹ ਗਾਰਡਾਂ ਨੂੰ ਧਾਰਮਿਕ ਕਾਰਨਾਂ ਦਾੜ੍ਹੀ ਰੱਖਣ 'ਤੇ ਰੋਕ ਲਾ ਦਿੱਤੀ ਸੀ। ਹਾਲਾਂਕਿ, ਗਾਰਡਾਂ ਨੂੰ ਮੈਡੀਕਲ ਪੱਧਰ 'ਤੇ ਦਾੜ੍ਹੀ ਰੱਖਣ ਦੀ ਛੋਟ ਦੇਣ ਦੀ ਸੁਵਿਧਾ ਸੀ। ਸਿੱਖਾਂ ਨੇ ਦੋਸ਼ ਲਾਇਆ ਹੈ ਕਿ ਕਮਲਾ ਹੈਰਿਸ ਨੇ ਇਸ ਨੀਤੀ ਦਾ ਸਮਰਥਨ ਕੀਤਾ ਹੈ। ਵਾਸ਼ਿੰਗਟਨ ਦੇ ਵਕੀਲ ਤੇ ਸਿਆਸੀ ਸਲਾਹਕਾਰ ਰਾਜਦੀਪ ਸਿੰਘ ਜੌਲੀ ਨੇ ਕਿਹਾ ਹੈ ਕਿ ਕਮਲਾ ਹੈਰਿਸ ਆਪਣੇ ਵਿਰੋਧੀਆਂ ਖ਼ਿਲਾਫ਼ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਸਬੰਧੀ ਭਾਸ਼ਣ ਕਰਦੀ ਹੈ, ਪਰ ਉਸ ਨੂੰ ਅਮਰੀਕੀ ਸਿੱਖਾਂ ਦੇ ਹੱਕਾਂ ਨੂੰ ਸੱਟ ਮਾਰਨ ਬਦਲੇ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੈਰਿਸ ਨੇ ਅਮਰੀਕੀ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਰੋਕ ਲਾ ਦਿੱਤੀ ਸੀ ਜਦ ਓਬਾਮਾ ਪ੍ਰਸ਼ਾਸਨ ਇਸ ਸਬੰਧੀ ਇਤਿਹਾਸਕ ਫੈਸਲਾ ਲੈਣ ਜਾ ਰਹੀ ਸੀ। ਇਸ ਮਾਮਲੇ ਬਾਰੇ ਕਮਲਾ ਹੈਰਿਸ ਨੇ ਹਾਲੇ ਤਕ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕੀਤੀ ਹੈ।